.mcmohali.org
sasnagar@gmail.com

Phone:0172-5092581 (Mayor)
0172-5044911(Commissioner)
0172-5044910(JointCommissioner)

## ਦਫਤਰ ਨਗਰ ਨਿਗਮ

### ਮਿਊਂਸਪਲ ਭਵਨ, ਸੈਕਟਰ-68, ਸਾਹਿਬਜਾਦਾ ਅਜੀਤ ਸਿੰਘ ਨਗਰ ( ਮੋਹਾਲੀ)

ਨੰਬਰ: 2450 ਮਿਤੀ: 17-11-2021

# ਪਬਲਿੱਕ ਨੋਟਿਸ

(ਸਫਾਈ ਸੇਵਕ ਅਤੇ ਸੀਵਰਮੈਨਾਂ ਦੀ ਠੇਕੇ ਤੇ ਭਰਤੀ ਸਬੰਧੀ )

ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਠੇਕੇ ਤੇ ਭਰਤੀ ਸਬੰਧੀ ਮਿਤੀ: 23.10.2021 ਨੂੰ ਅਖਬਾਰਾਂ ਵਿੱਚ ਪਬਲਿੱਕ ਨੋਟਿਸ ਪ੍ਰਕਾਸ਼ਤ ਕਰਵਾ ਕੇ ਇਸ ਨਗਰ ਨਿਗਮ ਦੀ ਵੈਬ ਸਾਈਟ Website.www.mcmohali.org ਤੇ ਮਿਤੀ: 8.11.2021 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਇਸ ਮਿਤੀ ਤੱਕ ਇਸ ਵੈਬ ਸਾਈਟ ਤੇ ਜੋ ਦਰਖਾਸਤਾਂ ਮੁਕੰਮਲ ਰੂਪ ਵਿੱਚ ਪ੍ਰਾਪਤ ਹੋਈਆਂ ਸਨ,ਉਹਨਾਂ ਨਾਲ ਸਬੰਧਤ ਉਮੀਦਵਾਰਾਂ ਦੀ ਯੋਗਤਾ ਸਬੰਧੀ ਦਸਤਾਵੇਜ ਚੈੱਕ ਕਰਨ ਲਈ ਇਸ ਨਗਰ ਨਿਗਮ ਵੱਲੋਂ ਹੇਠ ਲਿਖੀ ਸਮੇਂ ਸਾਰਣੀ ਇਸ ਨਗਰ ਨਿਗਮ ਦੇ ਸੈਕਟਰ-70 ( ਨਜਦੀਕ ਪਿੰਡ ਮਟੌਰ) ਵਿਖੇ ਸਥਿੱਤ ਕਮਿਊਨਟੀ ਸੈਂਟਰ ਵਿਖੇ ਕਾਂਊਸਲਿੰਗ ਰੱਖੀ ਗਈ ਹੈ। ਇਸ ਲਈ ਸਬੰਧਤ ਉਮੀਦਵਾਰ ਆਪਣੀ ਯੋਗਤਾ ਦੇ ਅਸਲ ਦਸਤਾਵੇਜ ਜਿਵੇਂ ਕਿ ਜਨਮ ਮਿਤੀ/ ਉਮਰ ਦੇ ਸਬੂਤ ਦੇ ਦਸਤਾਵੇਜ, ਵਿਦਿਅੱਕ ਯੋਗਤਾ ਦੇ ਸਰਟੀਫਿਕੇਟ, ਵਰਗ ( ਕੈਟਾਗਰੀ) ਦਾ ਸਰਟੀਫਿਕੇਟ, ਪੰਜਾਬ ਦਾ ਵਸਨੀਕ ਹੋਣ ਦਾ ਸਬੂਤ, ਤਜਰਬਾ ਸਰਟੀਫਿਕਟ ਆਦਿ ਲੈ ਕੇ ਸਮੇਂ ਸਾਰਣੀ ਵਿੱਚ ਦਰਸਾਈਆਂ ਮਿਤੀਆਂ ਨੂੰ ਸਵੇਰੇ: 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਕਾਂਊਸਲਿੰਗ ਲਈ ਹਾਜਰ ਆਉਣਾ ਯਕੀਨੀ ਬਨਾਉਣ।

| ਲੜੀ ਨੰ: | ਮਿਤੀ | ਮੁਕੰਮਲ ਰੂਪ ਵਿੱਚ ਆਨ ਲਾਈਨ ਪ੍ਰਾਪਤ ਹੋਈਆਂ ਦਰਖਾਸਤਾਂ ਦੀ ਸੂਚੀ ਦਾ ਲੜੀ ਨੰਬਰ ਜਿਹਨਾਂ ਦੀ ਸਬੰਧਤ ਮਿਤੀ ਨੂੰ ਕਾਂਊਸਲਿੰਗ ਕੀਤੀ ਜਾਵੇਗੀ | ਸੂਚੀ ਵਿੱਚ ਦਰਸਾਏ ਲੜੀ ਨੰਬਰਾਂ ਲਈ ਨਿਰਧਾਰਤ ਟੇਬਲ /ਟੀਮਾਂ | | | |
|---|---|---|---|---|---|---|
| | | | 1 | 2 | 3 | 4 |
| 1) | 25.11.2021 | 1 ਤੋਂ 200 ਤੱਕ | 1-50 | 51-100 | 101-150 | 151-200 |
| 2) | 26.11.2021 | 201 ਤੋਂ 400 ਤੱਕ | 201-250 | 251-300 | 301-350 | 351-400 |
| 3) | 27.11.2021 | 401 ਤੋਂ 600 ਤੱਕ | 401-450 | 451-500 | 501-550 | 551-600 |
| 4) | 29.11.2021 | 601 ਤੋਂ 800 ਤੱਕ | 601-650 | 651-700 | 701-750 | 751-800 |
| 5) | 30.11.2021 | 801 ਤੋਂ 1000 ਤੱਕ | 801-850 | 851-900 | 901-950 | 951-1000 |
| 6) | 01.12.2021 | 1001 ਤੋਂ 1179 ਤੱਕ | 1001-1050 | 1051-1100 | 1101-1150 | 1151-1179 |

ਨੋਟ:

1) ਮੁਕੰਮਲ ਰੂਪ ਵਿੱਚ ਆਨ ਲਾਈਨ ਪ੍ਰਾਪਤ ਹੋਈਆਂ ਦਰਖਾਸਤਾਂ ਨਾਲ ਸਬੰਧਤ ਉਮੀਦਵਾਰਾਂ ਦੀ ਸੂਚੀ ਇਸ ਦਫਤਰ ਦੀ Website.www.mcmohali.org ਤੇ ਅਪਲੋਡ ਕਰ ਦਿੱਤੀ ਗਈ। ਸਿਰਫ ਸੂਚੀ ਵਿੱਚ ਸ਼ਾਮਲ ਉਮੀਦਵਾਰਾਂ ਨੇ ਹੀ ਕਾਂਊਸਲਿੰਗ ਵਿੱਚ ਸ਼ਾਮਲ ਹੋਣਾ ਹੈ। ਉਮੀਦਵਾਰ ਸੂਚੀ ਵਿੱਚ ਆਪਣਾ ਲੜੀ ਨੰਬਰ ਚੈੱਕ ਕਰਕੇ ਉਕੱਤ ਦਰਸਾਈ ਸਮੇਂ ਸਾਰਨੀ ਅਨੁਸਾਰ ਕਾਊਂਸਲਿੰਗ ਲਈ ਹਾਜਰ ਆਉਣਗੇ।

2) ਉਮੀਦਵਾਰ ਨੂੰ ਕਾਂਊਸਲਿੰਗ ਵਿੱਚ ਹਾਜਰ ਆਉਣ ਲਈ ਕੋਈ ਟੀ.ਏ ਡੀ.ਏ ਨਹੀ ਦਿੱਤਾ ਜਾਵੇਗਾ।

3) ਕੋਵਿਡ-19 ਦੇ ਮੱਦੇ ਨਜਰ ਕਾਂਊਸਲਿੰਗ ਲਈ ਹਾਜਰ ਹੋਣ ਸਮੇਂ ਉਮੀਦਵਾਰ ਮਾਸਕ ਲਗਾ ਕੇ ਆਉਣ ਅਤੇ ਸੋਸ਼ਲ ਡਿਸਟੈਂਸਿੰਗ ਸਬੰਧੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਨਾਉਣ।

4) ਉੱਕਤ ਕਾਂਊਸਲਿੰਗ ਸਬੰਧੀ ਕੋਈ ਹੋਰ ਜਾਣਕਾਰੀ ਇਸ ਨਗਰ ਨਿਗਮ ਦੇ ਹੈਲਪ ਡੈਸਕ ਨੰਬਰ 0172-5061654 ਤੇ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ।

ਕਮਿਸ਼ਨਰ,
ਨਗਰ ਨਿਗਮ
ਸਾਹਿਬਜਾਦਾ ਅਜੀਤ ਸਿੰਘ ਨਗਰ।